# India-Ireland consultations on UNSC Issues

February 25, 2021

# ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਨਾਲ ਜੁੜੇ ਮੁੱਦਿਆਂ 'ਤੇ ਭਾਰਤ-ਆਇਰਲੈਂਡ ਦਰਮਿਆਨ ਸਲਾਹ-ਮਸ਼ਵਰੇ

25 ਫਰਵਰੀ, 2021

ਅੱਜ ਭਾਰਤ ਅਤੇ ਆਇਰਲੈਂਡ ਦਰਮਿਆਨ VTC ਪਲੇਟਫਾਰਮ ਰਾਹੀਂ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਨਾਲ ਜੁੜੇ ਮੁੱਦਿਆਂ 'ਤੇ ਸਲਾਹ-ਮਸ਼ਵਰੇ ਹੋਏ। ਦੋਵਾਂ ਧਿਰਾਂ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਲਈ ਚੁਣੇ ਜਾਣ 'ਤੇ ਇੱਕ ਦੂਜੇ ਨੂੰ ਵਧਾਈ ਦਿੱਤੀ ਅਤੇ ਇੱਕ ਦੂਜੇ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਨਾਲ ਜੁੜੀਆਂ ਆਪਣੀਆਂ ਤਰਜੀਹਾਂ ਬਾਰੇ ਦੱਸਿਆ।

ਆਇਰਿਸ਼ ਵਫਦ ਦੀ ਅਗਵਾਈ ਵਿਦੇਸ਼ ਮਾਮਲੇ ਅਤੇ ਵਪਾਰ ਵਿਭਾਗ ਅੰਦਰ ਸੰਯੁਕਤ ਰਾਸ਼ਟਰ ਦੇ ਡਾਇਰੈਕਟਰ ਅਤੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੀ ਕਾਰਜ ਟੀਮ ਦੇ ਮੁਖੀ ਗੈਰਾਰਡ ਕਾਨਾ ਨੇ ਕੀਤੀ, ਜਿਸ ਵਿੱਚ  ਭਾਰਤ ਵਿਖੇ ਆਇਰਲੈਂਡ ਦੇ ਰਾਜਦੂਤ ਅਤੇ ਸੰਯੁਕਤ ਰਾਜ ਸਥਾਈ ਮਿਸ਼ਨ ਵਿਖੇ ਉਨ੍ਹਾਂ ਦੇ ਅਧਿਕਾਰੀ ਵੀ ਸ਼ਾਮਲ ਸਨ। ਸਾਂਝਾ ਸੱਕਤਰ (UNP ਅਤੇ ਸਿਖਰ ਸੰਮੇਲਨ) ਸ਼੍ਰੀ ਪ੍ਰਕਾਸ਼ ਗੁਪਤਾ ਨੇ ਡਬਲਿਨ ਵਿਖੇ ਭਾਰਤੀ ਰਾਜਦੂਤ, UNES, ਵਿਦੇਸ਼ ਮੰਤਰਾਲੇ ਦੇ ਪੱਛਮੀ ਯੂਰੋਪ ਡਿਵੀਜ਼ਨ ਅਤੇ ਨਿਊ ਯਾਰਕ ਵਿਖੇ ਭਾਰਤੀ ਸਥਾਈ ਮਿਸ਼ਨ ਦੇ ਅਧਿਕਾਰੀਆਂ ਨਾਲ ਭਾਰਤੀ ਵਫਦ ਦੀ ਅਗਵਾਈ ਕੀਤੀ।

ਦੋਨਾਂ ਪੱਖਾਂ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੇ ਏਜੰਡੇ 'ਤੇ ਵੱਖ ਵੱਖ ਮੁੱਦਿਆਂ ਬਾਰੇ ਵਿਚਾਰ ਵਟਾਂਦਰੇ ਕੀਤੇ ਅਤੇ 2021-2022 ਵਿੱਚ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿਖੇ ਆਪਣੀ ਪਾਰੀ ਦੌਰਾਨ ਮਿਲਜੁਲ ਕੇ ਕੰਮ ਕਰਨ ਉੱਤੇ ਸਹਿਮਤੀ ਪ੍ਰਗਟਾਈ।

ਨਵੀਂ ਦਿੱਲੀ

25 ਫਰਵਰੀ, 2021

DISCLAIMER: This is an approximate translation. The original is available in English on MEA's website and may be referred to as the official press release.